# Punjab Government Gazette

## EXTRAORDINARY

*Published by Authority*

CHANDIGARH, MONDAY, SEPTEMBER 28, 2026 (ASVINA 6, 1948 SAKA)


**ਪੰਜਾਬ ਸਰਕਾਰ**

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-5 ਸ਼ਾਖਾ)

**ਅਧਿਸੂਚਨਾ**

ਮਿਤੀ 28 ਸਤੰਬਰ, 2026

**No. HOME-HM-50CC/32/2023-HOME-5/I/**1512124/2026.- ਜਦੋਂ ਕਿ ਹੇਠਾਂ ਦਿੱਤੇ ਵੇਰਵੇ ਵਿੱਚ ਦਰਸਾਈ ਗਈ ਭੂਮੀ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, (ਹੋਮ-V ਸ਼ਾਖਾ) ਦੀ ਨੋਟੀਫਿਕੇਸ਼ਨ ਨੰ. 11/64/91-5H(V)/5432, ਮਿਤੀ 22 ਫ਼ਰਵਰੀ, 1991 ਰਾਹੀਂ ਕੁਝ ਭੂਮੀ ਗ੍ਰਹਿਣ ਸਮੇਂ ਗ਼ਲਤੀ ਨਾਲ ਰਹਿ ਗਈ ਸੀ;

ਜਦੋਂ ਕਿ ਉਪਰੋਕਤ ਗ਼ਲਤੀ ਨਾਲ ਰਹਿ ਭੂਮੀ, ਭਾਰਤ ਸਰਕਾਰ ਵੱਲੋਂ ਰੱਖਿਆ ਮਕਸਦ ਲਈ ਉਕਤ ਅਧਿਸੂਚਨਾ ਰਾਹੀਂ ਪਹਿਲਾਂ ਗ੍ਰਹਿਣ ਕੀਤੀ ਜ਼ਮੀਨ ਦੇ ਵਿਚਕਾਰ ਪੈਂਦੀ ਹੈ;

ਇਸ ਲਈ, ਹੁਣ, 'ਭੂਮੀ ਗ੍ਰਹਿਣ, ਮੁੜ-ਵਸੇਬਾ ਅਤੇ ਮੁੜ-ਸਥਾਪਨਾ ਵਿੱਚ ਨਿਰਪੱਖ ਮੁਆਵਜ਼ੇ ਅਤੇ ਪਾਰਦਰਸ਼ਤਾ ਦੇ ਅਧਿਕਾਰ ਐਕਟ, 2013' (2013 ਦਾ ਕੇਂਦਰੀ ਐਕਟ ਨੰਬਰ 30) ਦੀ ਧਾਰਾ 11 ਦੀ ਉਪ-ਧਾਰਾ (1) ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਅਤੇ ਇਸ ਸਬੰਧ ਵਿੱਚ ਸਮਰੱਥ ਬਣਾਉਣ ਵਾਲੀਆਂ ਹੋਰ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਪੰਜਾਬ ਦੇ ਰਾਜਪਾਲ ਹੇਠਾਂ ਦਿੱਤੇ ਵੇਰਵਿਆਂ ਵਿੱਚ ਦਰਸਾਈ ਗਈ ਭੂਮੀ ਨੂੰ ਗ੍ਰਹਿਣ ਕਰਨ ਦੇ ਆਪਣੇ ਇਰਾਦੇ ਬਾਰੇ ਸਬੰਧਤ ਵਿਅਕਤੀਆਂ ਨੂੰ ਨੋਟਿਸ ਜਾਰੀ ਕਰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਨ, ਅਰਥਾਤ:-

ਵਿਵਰਣ

| ਲੜੀ ਨੰ. | ਪਿੰਡ ਦਾ ਨਾਮ ਅਤੇ ਹਦਬਸਤ ਨੰਬਰ | ਤਹਿਸੀਲ | ਜ਼ਿਲ੍ਹਾ | ਭੂਮੀ ਦੀ ਕਿਸਮ | ਖਸਰਾ ਨੰ. | ਰਕਬਾ |
|---|---|---|---|---|---|---|
| 1 | ਪੰਗੋਲੀ ਹਦਬਸਤ ਨੰਬਰ 351 | ਪਠਾਨਕੋਟ | ਪਠਾਨਕੋਟ | ਬੰਜਰ ਕਦੀਮ | 50R/17/3/1<br>50R/17/3/2<br>61R/2/1 | 02-17<br>00-07<br>00-06 |
| ਕੁੱਲ ਰਕਬਾ | | | | | | 03-10 |

ਜ਼ਮੀਨ ਦਾ ਨਕਸ਼ਾ ਜ਼ਿਲ੍ਹਾ ਪਠਾਨਕੋਟ ਦੇ ਸਬ-ਡਿਵੀਜ਼ਨਲ ਮੈਜਿਸਟਰੇਟ-ਕਮ-ਸਪੈਸ਼ਲ ਲੈਂਡ ਐਕੁਇਜ਼ੀਸ਼ਨ ਕੁਲੈਕਟਰ, ਪਠਾਨਕੋਟ ਦੇ ਦਫ਼ਤਰ ਵਿਖੇ ਕਿਸੇ ਵੀ ਕੰਮਕਾਜੀ ਦਿਨ, ਕੰਮਕਾਜੀ ਘੰਟਿਆਂ ਦੌਰਾਨ ਦੇਖਿਆ ਜਾ ਸਕਦਾ ਹੈ।

ਸਹੀ/-

**ਆਲੋਕ ਸ਼ੇਖਰ, ਆਈ.ਏ.ਐਸ.**

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,

ਗ੍ਰਹਿ ਮਾਮਲੇ ਵਿਭਾਗ।

*3842/9-2026/Pb. Govt. Press, S.A.S. Nagar*